# ਸੰਖੇਪ ਵਿੱਚ ਸ਼ੁਰੂਆਤੀ ਰਿਪੋਰਟ

3 ਮਈ 2024 ਨੂੰ, ਕਮਿਸ਼ਨਰ ਮਾਰੀ-ਜੋਜ਼ੀ ਹੋਗ ਨੇ ਆਪਣੀ ਸ਼ੁਰੂਆਤੀ ਰਿਪੋਰਟ ਜਾਰੀ ਕੀਤੀ। ਇਸਨੇ ਫੌਰਿਨ ਇੰਟਰਫਿਅਰੈਂਸ ਕਮਿਸ਼ਨ (Foreign Interference Commission) ਦੇ ਕੰਮ ਦੇ ਪਹਿਲੇ ਪੜਾਅ ਨੂੰ ਪੂਰਾ ਕੀਤਾ, ਜਿਸ ਵਿੱਚ ਕਮਿਸ਼ਨ ਨੇ 21 ਦਿਨਾਂ ਦੀਆਂ ਸੁਣਵਾਈਆਂ ਦੌਰਾਨ ਹਜ਼ਾਰਾਂ ਦਸਤਾਵੇਜ਼ਾਂ ਦੀ ਸਮੀਖਿਆ ਕੀਤੀ ਅਤੇ 60 ਤੋਂ ਵੱਧ ਗਵਾਹਾਂ ਤੋਂ ਸੁਣਿਆ।

ਸ਼ੁਰੂਆਤੀ ਰਿਪੋਰਟ ਦਾ ਮੁੱਖ ਉਦੇਸ਼ ਜਨਤਾ ਨੂੰ ਇਸ ਗੱਲ ਦੀ ਬਿਹਤਰ ਸਮਝ ਪ੍ਰਦਾਨ ਕਰਨਾ ਹੈ ਕਿ ਵਿਦੇਸ਼ੀ ਦਖਲਅੰਦਾਜ਼ੀ ਕੀ ਹੈ, ਸਾਨੂੰ ਇਸ ਤੋਂ ਕਿਉਂ ਸੁਚੇਤ ਰਹਿਣਾ ਚਾਹੀਦਾ ਹੈ, ਪਿਛਲੀਆਂ ਦੋ ਆਮ ਫੈਡਰਲ ਚੋਣਾਂ ਵਿੱਚ ਇਹ ਕਿਵੇਂ ਪ੍ਰਗਟ ਹੋਈ, ਅਤੇ ਸਰਕਾਰ ਨੇ ਕਿਵੇਂ ਪ੍ਰਤੀਕਿਰਿਆ ਕੀਤੀ।

ਹੇਠਾਂ ਸ਼ੁਰੂਆਤੀ ਰਿਪੋਰਟ ਵਿੱਚ ਪਾਏ ਗਏ ਮੁੱਖ ਮੁੱਦਿਆਂ, ਘਟਨਾਵਾਂ ਅਤੇ ਸਿੱਟਿਆਂ ਦਾ ਸਾਰ ਹੈ।

## ਵਿਦੇਸ਼ੀ ਦਖਲਅੰਦਾਜ਼ੀ...

**ਨਵੀਂ ਨਹੀਂ ਹੈ।** ਇਹ ਕੈਨੇਡਾ ਅਤੇ ਦੁਨੀਆ ਭਰ ਵਿੱਚ ਦਹਾਕਿਆਂ ਤੋਂ ਰਾਸ਼ਟਰੀ ਸੁਰੱਖਿਆ ਲਈ ਖਤਰਾ ਰਹੀ ਹੈ। ਪਰ ਇਹ ਵਿਕਸਤ ਹੋ ਰਹੀ ਹੈ, ਬਦਲ ਰਹੀ ਭੂ-ਰਾਜਨੀਤੀ ਅਤੇ ਤਕਨਾਲੋਜੀ ਨੂੰ ਦਰਸਾਉਂਦੇ ਹੋਏ।

**ਨਿਰੰਤਰ ਹੈ।** ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੀ ਨਿਰੰਤਰ ਬੇਸਲਾਈਨ (baseline) ਹੈ। ਇਹ ਅਜਿਹਾ ਕੁਝ ਨਹੀਂ ਹੈ ਜੋ ਸਿਰਫ਼ ਚੋਣਾਂ ਦੌਰਾਨ ਹੀ ਹੁੰਦਾ ਹੈ।

ਕਿਸੇ ਵਿਦੇਸ਼ੀ ਮੁਲਕ, ਜਾਂ ਉਸ ਵੱਲੋਂ ਕੰਮ ਕਰਨ ਵਾਲੀਆਂ ਦੁਆਰਾ **ਗੁਪਤ, ਧੋਖੇਬਾਜ਼, ਜਾਂ ਨਿੱਜੀ ਤੌਰ 'ਤੇ ਧਮਕੀ ਦੇਣ ਵਾਲੀਆਂ ਗਤੀਵਿਧੀਆਂ** ਹਨ, ਜੋ ਕੈਨੇਡਾ ਦੇ ਹਿੱਤਾਂ ਲਈ ਨੁਕਸਾਨਦੇਹ ਹਨ।

**ਹਮੇਸ਼ਾ ਸਪੱਸ਼ਟ ਅਤੇ ਪਰਤੱਖ ਨਹੀਂ ਹੁੰਦੀ।** ਅਭਿਆਸ ਵਿੱਚ, ਵਿਦੇਸ਼ੀ ਪ੍ਰਭਾਵ (ਜਾਇਜ਼) ਅਤੇ ਵਿਦੇਸ਼ੀ ਦਖਲਅੰਦਾਜ਼ੀ (ਨਾਜਾਇਜ਼) ਵਿਚਕਾਰ ਰੇਖਾ ਖਿੱਚਣਾ ਮੁਸ਼ਕਲ ਹੋ ਸਕਦਾ ਹੈ। ਅਕਸਰ ਇੱਕ ਅਜਿਹੀ ਸਥਿਤੀ ਹੁੰਦੀ ਹੈ ਜਿੱਥੇ ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ, ਜਿੱਥੇ ਵਿਦੇਸ਼ੀ ਪਾਤਰ ਆਪਣੇ ਰਾਸ਼ਟਰੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਗੁਪਤ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਸਥਾਪਤ, ਜਾਇਜ਼ ਚੈਨਲਾਂ ਦੀ ਵਰਤੋਂ ਕਰ ਸਕਦੇ ਹਨ।

**ਬਹੁਪੱਖੀ ਹੈ।** ਵਿਦੇਸ਼ੀ ਦਖਲਅੰਦਾਜ਼ੀ ਵਿੱਚ ਸ਼ਾਮਲ ਹੋਣ ਵਾਲੇ ਮੁਲਕ ਨਾਲ ਸੰਬੰਧਤ ਅਤੇ ਮੁਲਕ ਨਾਲ ਸੰਬੰਧ ਨਾ ਰੱਖਣ ਵਾਲੇ ਪਾਤਰ/ਪਾਤਰਾਂ:

- **ਕੈਨੇਡਾ ਦੇ ਲੋਕਤੰਤਰ ਵਿੱਚ ਦਖਲ ਦੇਣ ਲਈ ਕਈ ਤਰ੍ਹਾਂ ਦੀਆਂ ਚਾਲਾਂ ਦੀ ਵਰਤੋਂ ਕਰਦੇ ਹਨ**, ਉਦਾਹਰਨ ਲਈ ਆਪਣੇ ਟੀਚੇ ਨਾਲ ਲੰਬੇ ਸਮੇਂ ਤੱਕ ਚੱਲਣ ਵਾਲੇ ਸਬੰਧ ਬਣਾਉਣਾ, ਵਿੱਤੀ ਸਹਾਇਤਾ, ਰਿਸ਼ਵਤਖੋਰੀ, ਬਲੈਕਮੇਲ, ਧਮਕੀਆਂ, ਸਾਈਬਰ ਹਮਲੇ, ਨੁਕਸਾਨ ਪਹੁੰਚਾਉਣ ਦਾ ਇਰਾਦਾ ਰੱਖਣ ਵਾਲੀ ਗਲਤ ਜਾਣਕਾਰੀ (disinformation) ਵਾਲੀਆਂ ਮੁਹਿੰਮਾਂ ਅਤੇ ਪ੍ਰੌਕਸੀਆਂ (ਉਹ ਲੋਕ ਜੋ ਚਰਚਾ ਵਿਚਲੀ ਗਤੀਵਿਧੀ ਅਤੇ ਵਿਦੇਸ਼ੀ ਮੁਲਕ ਦੇ ਵਿਚਕਾਰ ਸਬੰਧ ਨੂੰ ਅਸਪਸ਼ਟ ਕਰਨ ਲਈ ਇੱਕ ਵਿਦੇਸ਼ੀ ਮੁਲਕ ਤੋਂ ਨਿਰਦੇਸ਼ ਲੈਂਦੇ ਹਨ) ਦੀ ਵਰਤੋਂ।

- **ਬਹੁਤ ਸਾਰੇ ਵੱਖ-ਵੱਖ ਸਮੂਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ**: ਉਮੀਦਵਾਰ ਅਤੇ ਚੁਣੇ ਹੋਏ ਅਧਿਕਾਰੀ, ਸਿਵਲ ਸੇਵਕ ਅਤੇ ਰਾਜਨੀਤਿਕ ਸਟਾਫ, ਵੋਟਰ, ਦਿਲਚਸਪੀ ਰੱਖਣ ਵਾਲੇ ਸਮੂਹ (ਜਿਵੇਂ, ਦਾਨ ਕਰਨ ਵਾਲੇ, ਲਾਬੀਕਾਰ (lobbyists), ਕਮਿਊਨਿਟੀ ਗਰੁੱਪ) ਅਤੇ ਮੀਡੀਆ (ਮੁੱਖ ਧਾਰਾ ਮੀਡੀਆ ਆਊਟਲੇਟ ਅਤੇ ਕਮਿਊਨਿਟੀ ਸਰੋਤ ਦੋਵੇਂ)।

- **ਨੂੰ ਡਾਇਸਪੋਰਾ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਿੱਚ ਸਪਸ਼ੱਟ ਦਿਲਚਸਪੀ ਹੋ ਸਕਦੀ ਹੈ,** ਖਾਸ ਤੌਰ 'ਤੇ ਅਸੰਤੁਸ਼ਟਾਂ ਲੋਕਾਂ ਨੂੰ ਚੁੱਪ ਕਰਾਉਣ, ਵਿਦੇਸ਼ੀ ਮੁਲਕ ਦੇ ਸੰਦੇਸ਼ਾਂ ਨੂੰ ਵਧਾਉਣ, ਜਨਤਕ ਰਾਏ ਨੂੰ ਨਿਯੰਤਰਿਤ ਕਰਨ ਅਤੇ ਮਤਭੇਦ ਪੈਦਾ ਕਰਨ ਵਿੱਚ। ਡਾਇਸਪੋਰਾ ਭਾਈਚਾਰਿਆਂ ਦੇ ਮੈਂਬਰ ਵਿਦੇਸ਼ੀ ਦਖਲਅੰਦਾਜ਼ੀ ਤੋਂ ਕੁਝ ਸਭ ਤੋਂ ਵੱਧ ਨੁਕਸਾਨਦੇਹ ਪ੍ਰਭਾਵਾਂ ਦਾ ਅਨੁਭਵ ਕਰਦੇ ਹਨ, ਜਿਸ ਵਿੱਚ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਉਨ੍ਹਾਂ ਦੇ ਪਰਿਵਾਰਾਂ ਲਈ ਖਤਰੇ ਵੀ ਸ਼ਾਮਲ ਹਨ।

ਹੋਰ ਵੇਰਵਿਆਂ ਲਈ:

*ਚੈਪਟਰ 4 – ਵਿਦੇਸ਼ੀ ਦਖਲਅੰਦਾਜ਼ੀ ਕੀ ਹੈ?*
*ਐਨੈਕਸ B – ਸਵਾਲ ਅਤੇ ਜਵਾਬ: ਚੋਣਾਂ, ਵਿਦੇਸ਼ੀ ਦਖਲਅੰਦਾਜ਼ੀ ਅਤੇ ਜਾਂਚ ਕਮਿਸ਼ਨਾਂ*

## ਵਿਦੇਸ਼ੀ ਦਖਲਅੰਦਾਜ਼ੀ ਦੇ ਪ੍ਰਭਾਵ

ਸ਼ੁਰੂਆਤੀ ਰਿਪੋਰਟ ਸਪੱਸ਼ਟ ਹੈ: ਪਿਛਲੀਆਂ ਦੋ ਕੈਨੇਡੀਅਨ ਆਮ ਚੋਣਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਹੋਈ ਸੀ।

ਜਦੋਂ ਕਿ ਪੀਪਲਜ਼ ਰਿਪਬਲਿਕ ਆਫ ਚਾਈਨਾ ("PRC") ਵਰਤਮਾਨ ਵਿੱਚ ਕੈਨੇਡਾ ਲਈ ਸਭ ਤੋਂ ਵੱਧ ਸਥਾਈ ਅਤੇ ਆਧੁਨਿਕ ਵਿਦੇਸ਼ੀ ਦਖਲਅੰਦਾਜ਼ੀ ਖਤਰੇ ਵਜੋਂ ਧਿਆਨ ਦੇਣ ਯੋਗ ਹੈ, ਕਮਿਸ਼ਨ ਦੁਆਰਾ ਜਾਂਚ ਕੀਤੀਆਂ ਗਈਆਂ ਇੰਟੈਲੀਜੈਂਸ ਹੋਲਡਿੰਗਾਂ, ਕੈਨੇਡਾ ਵਿੱਚ ਸੰਭਾਵਿਤ ਵਿਦੇਸ਼ੀ ਦਖਲਅੰਦਾਜ਼ੀ ਪਾਤਰਾਂ ਵਜੋਂ ਹੋਰ ਦੇਸ਼ਾਂ ਦੇ ਨਾਲ ਰੂਸ, ਭਾਰਤ, ਪਾਕਿਸਤਾਨ ਅਤੇ ਈਰਾਨ ਦੇ ਇਸਲਾਮੀ ਗਣਰਾਜ ਦੀ ਪਛਾਣ ਵੀ ਕਰਦੀਆਂ ਹਨ।

ਇਸ ਅਸਲੀਅਤ ਨੂੰ ਦੇਖਦੇ ਹੋਏ, ਸ਼ੁਰੂਆਤੀ ਰਿਪੋਰਟ 2019 ਅਤੇ 2021 ਦੀਆਂ ਆਮ ਚੋਣਾਂ ਅਤੇ ਉਨ੍ਹਾਂ 'ਤੇ ਵਿਦੇਸ਼ੀ ਦਖਲਅੰਦਾਜ਼ੀ ਦੇ ਪ੍ਰਭਾਵ ਬਾਰੇ ਕਈ ਸਵਾਲਾਂ 'ਤੇ ਵਿਚਾਰ ਕਰਦੀ ਹੈ। ਇਹ ਸਵਾਲ ਅਤੇ ਕਮਿਸ਼ਨਰ ਦੀਆਂ ਖੋਜਾਂ ਦਾ ਸਾਰ ਹੇਠਾਂ ਦਿੱਤਾ ਗਿਆ ਹੈ।

### ਕੀ ਵਿਦੇਸ਼ੀ ਦਖਲਅੰਦਾਜ਼ੀ ਨੇ ਚੋਣ ਪ੍ਰਣਾਲੀ ਦੀ ਅਖੰਡਤਾ ਨੂੰ ਕਮਜ਼ੋਰ ਕੀਤਾ ਹੈ?

ਨਹੀਂ।ਦੋਵੇਂ ਚੋਣਾਂ ਰਾਸ਼ਟਰੀ ਅਤੇ ਵਿਅਕਤੀਗਤ ਰਾਈਡਿੰਗ ਦੋਵਾਂ ਪੱਧਰਾਂ 'ਤੇ ਇਮਾਨਦਾਰੀ ਨਾਲ ਸੰਚਾਲਿਤ ਕੀਤੀਆਂ ਗਈਆਂ ਸਨ। ਵੋਟਰ ਆਪਣੀਆਂ ਵੋਟਾਂ ਪਾਉਣ ਦੇ ਯੋਗ ਸਨ ਅਤੇ ਉਨ੍ਹਾਂ ਦੀਆਂ ਵੋਟਾਂ ਦੀ ਸਹੀ ਢੰਗ ਨਾਲ ਰਜਿਸਟਰੇਸ਼ਨ ਅਤੇ ਗਿਣਤੀ ਕੀਤੀ ਗਈ ਸੀ। ਇਸ ਦੇ ਉਲਟ ਕੋਈ ਸਬੂਤ ਨਹੀਂ ਹਨ।

### ਕੀ ਵਿਦੇਸ਼ੀ ਦਖਲਅੰਦਾਜ਼ੀ ਨੇ 2019 ਜਾਂ 2021 ਵਿਚ ਕਿਹੜੀ ਪਾਰਟੀ ਸੱਤਾ ਵਿਚ ਆਈ ਨੂੰ ਪ੍ਰਭਾਵਿਤ ਕੀਤਾ?

ਨਹੀਂ, ਉਸ ਨੇ ਅਜਿਹਾ ਨਹੀਂ ਕੀਤਾ। ਲਿਬਰਲ ਪਾਰਟੀ 2019 ਅਤੇ 2021 ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਨਾਲ ਜਾਂ ਉਸ ਤੋਂ ਬਿਨਾਂ ਸਰਕਾਰ ਵਿੱਚ ਹੁੰਦੀ।

### ਕੀ ਵਿਦੇਸ਼ੀ ਦਖਲਅੰਦਾਜ਼ੀ ਨੇ ਰਾਈਡਿੰਗ ਪੱਧਰ 'ਤੇ ਕੋਈ ਚੋਣ ਨਤੀਜਿਆਂ ਨੂੰ ਪ੍ਰਭਾਵਤ ਕੀਤਾ?

ਇਹ ਸੰਭਵ ਹੈ ਕਿ ਥੋੜ੍ਹੀਆਂ ਜਿਹੀਆਂ ਰਾਈਡਿੰਗਾਂ ਦੇ ਨਤੀਜੇ ਪ੍ਰਭਾਵਿਤ ਹੋਏ, ਪਰ ਯਕੀਨੀ ਤੌਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਹੈ। ਇਨ੍ਹਾਂ ਰਾਈਡਿੰਗਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਨੇਨਾਮਜ਼ਦਗੀ ਦੇ ਮੁਕਾਬਲਿਆਂ ਅਤੇ ਚੋਣ ਮੁਹਿੰਮ ਦੋਵਾਂ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ, ਇਸ ਗੱਲ ਨੂੰ ਨਪ੍ਰਭਾਵਿਤ ਕਰਦੇ ਹੋਏ ਕਿ ਸੰਸਦ ਲਈ ਕੌਣ ਚੁਣਿਆ ਗਿਆ ਸੀ ਜਾਂ ਕਿਹੜੀ ਪਾਰਟੀ ਨੇ ਸੀਟ ਜਿੱਤੀ ਸੀ।

### ਕੀ ਵਿਦੇਸ਼ੀ ਦਖਲਅੰਦਾਜ਼ੀ ਨੇ ਵਿਆਪਕ ਚੋਣ ਪ੍ਰਣਾਲੀ ਨੂੰ ਪ੍ਰਭਾਵਤ ਕੀਤਾ ਹੈ?

ਉਸ ਨੇ ਅਜਿਹਾ ਕੀਤਾ ਹੈ। ਖਾਸ ਚੋਣ ਨਤੀਜਿਆਂ 'ਤੇ ਪ੍ਰਭਾਵ ਦੇ ਬਾਵਜੂਦ, ਸ਼ੁਰੂਆਤੀ ਰਿਪੋਰਟ ਵਿੱਚ ਦਰਜ ਘਟਨਾਵਾਂ ਨੇ ਸੰਭਾਵਤ ਤੌਰ 'ਤੇ ਕੁਝ ਵੋਟਰਾਂ ਦੀ ਸੂਚਿਤ ਵੋਟ ਪਾਉਣ ਦੀ ਯੋਗਤਾ ਨੂੰ ਘਟਾ ਦਿੱਤਾ, ਜਿਸ ਨਾਲ ਪ੍ਰਕਿਰਿਆ ਨੂੰ ਦਾਗਦਾਰ ਹੋ ਗਈ। ਅੱਜ ਤੱਕ ਇਸਦਾ ਪ੍ਰਭਾਵ ਮਾਮੂਲੀ ਰਿਹਾ ਹੈ ਪਰ ਭਵਿੱਖ ਵਿੱਚ ਹੋਰ ਵੀ ਗੰਭੀਰ ਹੋ ਸਕਦਾ ਹੈ।

### ਕੀ ਵਿਦੇਸ਼ੀ ਦਖਲਅੰਦਾਜ਼ੀ ਨੇ ਕਨੇਡੀਅਨ ਲੋਕਤੰਤਰ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕੀਤਾ ਹੈ?

ਅਫਸੋਸ ਨਾਲ, ਇਸ ਨੇ ਅਜਿਹਾ ਕੀਤਾ ਹੈ। ਵਿਦੇਸ਼ੀ ਦਖਲਅੰਦਾਜ਼ੀ ਵਿੱਚ ਸ਼ਾਮਲ ਹੋਣ ਵਾਲੇ ਬਹੁਤ ਸਾਰੇ ਮੁਲਕਾਂ ਦਾ ਮੁੱਖ ਉਦੇਸ਼ ਲੋਕਤੰਤਰ ਅਤੇ ਸਰਕਾਰ ਵਿੱਚ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਹੈ। ਵਿਦੇਸ਼ੀ ਦਖਲਅੰਦਾਜ਼ੀ ਦੇ ਨਤੀਜੇ ਵਜੋਂ ਕੈਨੇਡਾ ਨੂੰ ਇਹ ਸ਼ਾਇਦ ਸਭ ਤੋਂ ਵੱਡਾ ਨੁਕਸਾਨ ਹੋਇਆ ਹੈ।

**ਕੀ ਵਿਦੇਸ਼ੀ ਦਖਲਅੰਦਾਜ਼ੀ ਨੇ ਸਾਰਿਆਂ ਨੂੰ ਬਰਾਬਰ ਪ੍ਰਭਾਵਿਤ ਕੀਤਾ?**

ਉਸ ਨੇ ਅਜਿਹਾ ਨਹੀਂ ਕੀਤਾ। ਜਦੋਂ ਕਿ ਸਾਰੇ ਕਨੇਡੀਅਨ ਵਿਦੇਸ਼ੀ ਦਖਲਅੰਦਾਜ਼ੀ ਦਾ ਸ਼ਿਕਾਰ ਹਨ, ਵਿਦੇਸ਼ੀ ਦਖਲਅੰਦਾਜ਼ੀ ਦੇ ਤਰੀਕੇ ਅਤੇ ਢੰਗ ਕੈਨੇਡਾ ਵਿੱਚ ਡਾਇਸਪੋਰਾ ਭਾਈਚਾਰਿਆਂ ਨੂੰ ਸਪਸ਼ੱਟ ਤਰੀਕਿਆਂ ਨਾਲ ਨੁਕਸਾਨ ਪਹੁੰਚਾਉਂਦੇ ਹਨ। ਉਹਨਾਂ ਦੇ ਅਨੁਭਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਹੈ, ਅਤੇ ਉਹਨਾਂ ਵੱਲ ਖਾਸ ਧਿਆਨ ਦਿੱਤਾ ਜਾਵੇਗਾ।

ਇਹਨਾਂ ਸਿੱਟਿਆਂ 'ਤੇ ਹੋਰ ਵੇਰਵਿਆਂ ਲਈ, *ਚੈਪਟਰ 8 - ਪ੍ਰਭਾਵਾਂ ਦਾ ਮੁਲਾਂਕਣ ਕਰਨਾ* ਵੇਖੋ।

## ਹੋਰ ਜਾਣਕਾਰੀ ਜੋ ਤੁਹਾਨੂੰ ਸ਼ੁਰੂਆਤੀ ਰਿਪੋਰਟ ਨੈਵੀਗੇਟ ਕਰਨ ਦੁਆਰਾ ਮਿਲੇਗੀ

| *ਰਿਪੋਰਟ ਦੀਆਂ ਹਾਈਲਾਈਟਾਂ* | *ਵਿਸ਼ਾ ਸੂਚੀ* |
|---|---|
| 15 ਪੰਨਿਆਂ ਵਿੱਚ ਸ਼ੁਰੂਆਤੀ ਰਿਪੋਰਟ ਦੇ ਮੁੱਖ ਸਿੱਟਿਆਂ ਦਾ ਸਾਰ ਦਿੰਦੀਆਂ ਹਨ | ਸ਼ੁਰੂਆਤੀ ਰਿਪੋਰਟ ਦੀ ਪੂਰੀ ਸੰਖੇਪ ਜਾਣਕਾਰੀ ਦਿੰਦੀ ਹੈ |

ਘਟਨਾਵਾਂ ਦੀ ਇੱਕ ਕਾਲਕ੍ਰਮਿਕ ਸਮੀਖਿਆ ਜਿਸਦਾ ਨਤੀਜਾ ਕਮਿਸ਼ਨ ਦੀ ਸਿਰਜਣਾ ਸੀ।

→ *ਚੈਪਟਰ 1 - ਵਿਦੇਸ਼ੀ ਦਖਲ ਬਾਰੇ ਕਮਿਸ਼ਨ ਹੋਂਦ ਵਿੱਚ ਕਿਵੇਂ ਆਇਆ*

---

ਕਮਿਸ਼ਨ ਦੇ ਅਧਿਅਦੇਸ਼ ਅਤੇ ਇਸ ਨੇ ਆਪਣੇ ਕੰਮ ਨੂੰ ਕਿਵੇਂ ਵਿਵਸਥਿਤ ਕੀਤਾ ਹੈ ਬਾਰੇ ਵੇਰਵੇ।

→ *ਚੈਪਟਰ 2 - ਕਮਿਸ਼ਨ ਦੇ ਅਧਿਅਦੇਸ਼ ਦੇ ਕਾਰਜ-ਖੇਤਰ*
→ *ਐਨੈਕਸ C - ਕਮਿਸ਼ਨ ਦੇ ਓਪਰੇਸ਼ਨ ਅਤੇ ਸੰਗਠਨ*

---

ਖੁਫੀਆ ਜਾਣਕਾਰੀ (ਇੰਟੈਲੀਜੈਂਸ) ਅਤੇ ਵਰਗੀਕ੍ਰਿਤ ਜਾਣਕਾਰੀ ਨਾਲ ਸਬੰਧਤ ਨਿਯਮ ਅਤੇ ਧਾਰਨਾਵਾਂ, ਅਤੇਪਾਰਦਰਸ਼ਤਾ ਅਤੇ ਵੱਖ-ਵੱਖ ਸੁਰੱਖਿਆ ਹਿੱਤਾਂ ਨੂੰ ਸੰਤੁਲਿਤ ਕਰਨ ਲਈ ਕਮਿਸ਼ਨ ਦੁਆਰਾ ਅਪਣਾਈ ਗਈ ਪਹੁੰਚ।

→ *ਚੈਪਟਰ 3 - ਪਾਰਦਰਸ਼ਤਾ ਅਤੇ ਰਾਸ਼ਟਰੀ ਸੁਰੱਖਿਆ ਗੁਪਤਤਾ*

---

ਉਨ੍ਹਾਂ ਇੰਟੈਲੀਜੈਂਸ ਏਜੰਸੀਆਂ ਅਤੇ ਹੋਰ ਸੰਘੀ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਜੋ ਵਿਦੇਸ਼ੀ ਦਖਲਅੰਦਾਜ਼ੀ ਦਾ ਜਵਾਬ ਦਿੰਦੀਆਂ ਹਨ, ਅਤੇ ਸਰਕਾਰ ਦੇ ਅੰਦਰ ਜਾਣਕਾਰੀ ਕਿਵੇਂ ਸੰਚਾਰਿਤ ਹੁੰਦੀ ਹੈ ਦਾ ਵਰਣਨ।

→ *ਚੈਪਟਰ 5 - ਕੈਨੇਡਾ ਵਿਦੇਸ਼ੀ ਦਖਲਅੰਦਾਜ਼ੀ ਦਾ ਕਿਵੇਂ ਜਵਾਬ ਦਿੰਦਾ ਹੈ?*

---

2019 ਦੀਆਂ ਆਮ ਚੋਣਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਖਾਸ ਆਰੋਪ, ਅਤੇ ਸਰਕਾਰ ਦਾ ਜਵਾਬ → *ਚੈਪਟਰ 6 - 2019 ਦੀਆਂ ਆਮ ਚੋਣਾਂ*

ਮਿਸਾਲ ਦੇ ਤੌਰ ਤੇ:

- ਡੌਨ ਵੈਲੀ ਨਾਰਥ (ਓਨਟੈਰੀਓ) ਵਿੱਚ ਲਿਬਰਲ ਪਾਰਟੀ ਦੇ ਨਾਮਜ਼ਦਗੀ ਮੁਕਾਬਲੇ ਵਿੱਚ ਬੇਨਿਯਮੀਆਂ।
- ਗ੍ਰੇਟਰ ਵੈਨਕੂਵਰ ਵਿੱਚ PRC ਦੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ।
- ਕੈਨੇਡਾ ਵਿੱਚ ਗਿਆਤ ਅਤੇ ਸੰਦਿਗਧ PRC-ਸਬੰਧਤ ਧਮਕੀ ਪਾਰਤਾਂ ਦੇ ਇੱਕ ਸਮੂਹ ਨੂੰ $250K ਦੀ ਵਿੱਤੀ ਸਹਾਇਤਾ ਦੇ ਆਰੋਪ।
- ਕੈਨੇਡਾ ਵਿੱਚ ਪਾਕਿਸਤਾਨ ਸਰਕਾਰ ਦੇ ਅਧਿਕਾਰੀਆਂ ਵੱਲੋਂ ਗੁਪਤ ਤਰੀਕੇ ਨਾਲ ਕੈਨੇਡੀਅਨ ਸੰਘੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ।
- *ਬਫਲੋ ਕ੍ਰੌਨਿਕਲ* ਨਾਮਕ ਵੈੱਬਸਾਈਟ 'ਤੇ ਪ੍ਰਧਾਨ ਮੰਤਰੀ ਬਾਰੇ ਨਕਾਰਾਤਮਕ ਲੇਖ।

---

2021 ਦੀਆਂ ਆਮ ਚੋਣਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਖਾਸ ਆਰੋਪ, ਅਤੇ ਸਰਕਾਰ ਦਾ ਜਵਾਬ → *ਚੈਪਟਰ 7 - 2021 ਦੀਆਂ ਆਮ ਚੋਣਾਂ*

ਮਿਸਾਲ ਦੇ ਤੌਰ ਤੇ:

- ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਨੀਤੀ ਪਲੇਟਫਾਰਮ, ਉਸਦੇ ਨੇਤਾ ਏਰਿਨ ਓ'ਟੂਲ, ਅਤੇ ਸਟੀਵੈਸਟਨ-ਰਿਚਮੰਡ ਈਸਟ (ਬ੍ਰਿਟਿਸ਼ ਕੋਲੰਬੀਆ) ਵਿੱਚ ਉਸਦੇ ਉਮੀਦਵਾਰ ਕੈਨੀ ਚੂ ਨੂੰ ਨਿਸ਼ਾਨਾ ਬਣਾਉਣ ਵਾਲੀ ਗਲਤ ਜਾਣਕਾਰੀ।
- ਨਿਊ ਡੈਮੋਕ੍ਰੇਟਿਕ ਪਾਰਟੀ ਦੇ MP ਜੈਨੀ ਕਵਾਨ ਅਤੇ ਹੋਰ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਗ੍ਰੇਟਰ ਵੈਨਕੂਵਰ ਖੇਤਰ ਵਿੱਚ ਸੰਦਿਗਧ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ।
- ਭਾਰਤ ਸਰਕਾਰ ਵੱਲੋਂ ਗੁਪਤ ਤਰੀਕੇ ਨਾਲ ਸੰਭਾਵੀ ਵਿੱਤੀ ਸਹਾਇਤਾ।
- ਸੰਦਿਗਧ ਰੂਸੀ ਗਲਤ ਜਾਣਕਾਰੀ (ਡਿਸਇਨਫਾਰਮੇਸ਼ਨ) ਸੰਬੰਧੀ ਗਤੀਵਿਧੀ।

## ਕਮਿਸ਼ਨ ਦੇ ਕੰਮ ਦਾ ਦੂਜਾ ਪੜਾਅ ਅਤੇ ਜਨਤਕ ਸਲਾਹ ਮਸ਼ਵਰਾ

ਕਮਿਸ਼ਨ ਦਾ ਕੰਮ ਖਤਮ ਹੋਣ ਤੋਂ ਬਹੁਤ ਦੂਰ ਹੈ ਅਤੇ ਦੂਜਾ ਪੜਾਅ ਪਹਿਲਾਂ ਹੀ ਚੱਲ ਰਿਹਾ ਹੈ।

ਇਸ ਪੜਾਅ ਵਿੱਚ, ਕਮਿਸ਼ਨ ਮੁਲਕ ਦੇ ਵੱਖ ਵੱਖ ਪਾਤਰਾਂ ਦੀ ਸਮਰੱਥਾ ਅਤੇ ਵਿਦੇਸ਼ੀ ਦਖਲਅੰਦਾਜ਼ੀ ਦਾ ਪਤਾ ਲਗਾਉਣ,ਉਸ ਨੂੰ ਰੋਕਣ ਅਤੇ ਉਸਦਾ ਮੁਕਾਬਲਾ ਕਰਨ ਲਈ ਪ੍ਰਕਿਰਿਆਵਾਂ ਦੀ ਜਾਂਚ ਕਰੇਗੀ, ਅਤੇ ਇਸ ਸਮਰੱਥਾ ਨੂੰ ਕਿਵੇਂ ਮਜ਼ਬੂਤ ਕੀਤਾ ਜਾਵੇ ਬਾਰੇ ਸਿਫਾਰਸ਼ਾਂ ਕਰੇਗੀ।

ਹੋਰ ਚੀਜ਼ਾਂ ਦੇ ਨਾਲ, ਕਮਿਸ਼ਨ:

- ਵਿਚਾਰ ਕਰੇਗੀ ਕਿ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਖੁਫੀਆ ਜਾਣਕਾਰੀ ਅਤੇ ਜਾਣਕਾਰੀ ਨੂੰ ਸਰਕਾਰ, ਜਨਤਾ ਅਤੇ ਵਿਦੇਸ਼ੀ ਦਖਲਅੰਦਾਜ਼ੀ ਪ੍ਰਤੀ ਸੰਭਾਵਿਤ ਤੌਰ 'ਤੇ ਸੰਵੇਦਲਸ਼ੀਲ ਲੋਕਾਂ ਤੱਕ ਕਿਵੇਂ ਪਹੁੰਚਾਇਆ ਜਾਣਾ ਚਾਹੀਦਾ ਹੈ ਅਤੇ ਕੀ ਸਾਡੀਆਂ ਇੰਟੈਲੀਜੈਂਸ ਏਜੰਸੀਆਂ ਲਈ ਹੋਰ ਜਾਣਕਾਰੀ ਸਾਂਝੀ ਕਰਨਾ ਉਚਿਤ ਹੈ।

- ਕਈ ਮੁੱਦਿਆਂ 'ਤੇ ਵਿਚਾਰ ਕਰੇਗੀ ਜਿਸ ਵਿੱਚ ਨੁਕਸਾਨ ਨਾ ਪਹੁੰਚਾਉਣ ਦਾ ਇਰਾਦਾ ਰੱਖਣ ਵਾਲੀ ਔਨਲਾਈਨ ਗਲਤ ਜਾਣਕਾਰੀ (misinformation) ਅਤੇ ਨੁਕਾਸਨ ਪਹੁੰਚਾਉਣ ਦਾ ਇਰਾਦਾ ਰੱਖਣ ਵਾਲੀ ਗਲਤ ਜਾਣਕਾਰੀ (disinformation) ਦਾ ਜਵਾਬ ਦੇਣ ਦੀਆਂ ਚੁਣੌਤੀਆਂ ਸ਼ਾਮਲ ਹੋ ਸਕਦੀਆਂ ਹਨ।

- ਨਾਮਜ਼ਦਗੀ ਪ੍ਰਤੀਯੋਗਤਾਵਾਂ ਨੂੰ ਸੰਚਾਲਿਤ ਕਰਨ ਵਾਲੇ ਨਿਯਮਾਂ, ਜਾਂ ਨਿਯਮਾਂ ਦੀ ਘਾਟ ਦੀ ਜਾਂਚ ਕਰੇਗੀ। ਪਹਿਲੇ ਪੜਾਅ ਨੇ ਦਰਸਾਇਆ ਹੈ ਕਿ ਇਹ ਮੁਕਾਬਲੇ ਵਿਦੇਸ਼ੀ ਦਖਲਅੰਦਾਜ਼ੀ ਲਈ ਖਾਸ ਤੌਰ 'ਤੇ ਸੰਵੇਦਨਸ਼ੀਲ ਹਨ।

### ਜਨਤਕ ਸਲਾਹ-ਮਸ਼ਵਰਾ

ਵਿਦੇਸ਼ੀ ਦਖਲਅੰਦਾਜ਼ੀ ਦੇ ਵਧਣ ਅਤੇ ਉਸਦੇ ਸਾਡੇ ਲੋਕਤੰਤਰ ਲਈ ਨਕਾਰਾਤਮਕ ਨਤੀਜੇ ਹੋਣ ਦੀ ਸੰਭਾਵਨਾ ਹੈ ਜਦੋਂ ਤੱਕ ਇਸਦਾ ਪਤਾ ਲਗਾਉਣ ਅਤੇ ਬਿਹਤਰ ਢੰਗ ਨਾਲ ਮੁਕਾਬਲਾ ਕਰਨ ਲਈ ਸਖ਼ਤ ਕਦਮ ਨਹੀਂ ਚੁੱਕੇ ਜਾਂਦੇ ਹਨ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ, ਅਤੇ ਸਾਡੇ ਲੋਕਤੰਤਰ ਅਤੇ ਸਾਰੇ ਕਨੇਡੀਅਨਾਂ ਦੀ ਰੱਖਿਆ ਲਈ ਇਸਦੇ ਪ੍ਰਭਾਵਾਂ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ।

ਇਸ ਲਈ ਕਮਿਸ਼ਨ ਨੇ ਜਨਤਕ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਜਨਤਾ ਦੇ ਸਾਰੇ ਮੈਂਬਰਾਂ, ਅਤੇ ਖਾਸ ਤੌਰ 'ਤੇ ਉਹ ਜੋ ਡਾਇਸਪੋਰਾ ਭਾਈਚਾਰਿਆਂ ਤੋਂ ਹਨ, ਨੂੰ ਸਾਡੇ ਲੋਕਤੰਤਰੀ ਸੰਸਥਾਵਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੇ ਨਾਲ ਸਬੰਧਤ ਮੁੱਦਿਆਂ ਬਾਰੇ ਆਪਣੇ ਅਨੁਭਵ ਅਤੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਕਮਿਸ਼ਨ ਦੀ ਜਨਤਕ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਇੱਥੇ ਪ੍ਰਾਪਤ ਕੀਤੀ ਜਾ ਸਕਦੀ ਹੈ: *https://foreigninterferencecommission.ca/public-consultation*

ਕਮਿਸ਼ਨਰ ਹੋਗ ਦਸੰਬਰ 2024 ਵਿੱਚ ਆਪਣੀ ਅੰਤਿਮ ਰਿਪੋਰਟ ਜਾਰੀ ਕਰਨ ਦੀ ਯੋਜਨਾ ਬਣਾ ਰਹੇ ਹਨ।